ਸਭ ਹੱਕ ਕਰਤਾ ਦੇ ਰਾਖਵੇਂ ਹਨ, ਬਿਨਾਂ ਆਗਿਆ ਕੋਈ ਨਾ ਛਾਪੇ।

੧ ਓ ਸਤਿਗੁਰ ਪ੍ਰਸਾਦਿ ॥

ਡੋਗਰਾ ਸਾਜ਼ਸ਼ ਅਤੇ ਅੰਗ੍ਰੇਜ਼ਾਂ ਤੇ ਸਿੰਘਾਂ ਦੇ ਜੰਗ

ਜ਼ਬਾਨੀ

G. 369

ਬਾਬਾ ਤੇਰਾ ਸਿੰਘ

ਲੇਖਕ

ਮਾਸਟਰ ਤਾਰਾ ਸਿੰਘ ਬੀ. ਏ.

(ਪ੍ਰਧਾਨ, ਸ਼੍ਰੋ: ਗੁ: ਪ੍ਰ: ਕਮੇਟੀ)

ਅੰਮ੍ਰਿਤਸਰ

ਤੀਜੀ ਵਾਰ ਤਰਮੀਮ ਤੇ ਵਾਧੇ ਨਾਲ] [੧੦੦੦

ਦ੍ਰ੪੪.੦੭੫
੩੭੨੩
੨੯੫੨੧

ਸਮਰਪਣ

ਇਹ ਪੁਸਤਕ ਮੈਂ ਆਪਣੇ ਮਿਤ੍ਰ ਸ੍ਵਰਗੀ ਸਰਦਾਰ ਹਰਬੰਸ ਸਿੰਘ ਜੀ ਅਟਾਰੀ ਦੀ ਸੇਵਾ ਵਿਚ ਸਮਰਪਣ ਕਰਦਾ ਹਾਂ, ਜਿਨ੍ਹਾਂ ਦੇ ਮਨ ਵਿਚ ਆਪਣੇ ਦਾਦਾ ਸ਼ਹੀਦ ਸਰਦਾਰ ਸ਼ਾਮ ਸਿੰਘ ਜੀ ਅਟਾਰੀ ਵਾਲੇ ਦੀ ਅਣਖ, ਸਿੱਖੀ ਸ਼ਾਨ, ਕੁਰਬਾਨੀ, ਆਜ਼ਾਦੀ ਦੀ ਰੂਹ ਤੇ ਨਿਰਭੈਤਾ ਦਾ ਅੰਸ਼ ਇਸ ਗ਼ੁਲਾਮੀ ਦੇ ਜ਼ਮਾਨੇ ਵਿਚ ਭੀ ਝਲਕ ਮਾਰਦਾ ਰਿਹਾ।

ਤਾਰਾ ਸਿੰਘ

ਪ੍ਰਕਾਸ਼ਕ:-

ਸ: ਜਸਵੰਤ ਸਿੰਘ

ਮੁਤਸਿਲ ਸ਼ਹੀਦ ਸਿਖ ਮਿਸ਼ਨਰੀ ਕਾਲਜ, ਅੰਮ੍ਰਿਤਸਰ

ਸਭ ਹੱਕ ਕਰਤਾ ਦੇ ਰਾਖਵੇਂ ਹਨ; ਬਿਨਾਂ ਆਗਿਆ ਕੋਈ ਨਾ ਛਾਪੇ।

ਭੂਮਿਕਾ

ਇਸ ਪੁਸਤਕ ਦੇ ਲਿਖਣ ਦਾ ਅਸਲ ਮੰਤਵ ਸਿੰਘਾਂ ਤੇ ਅੰਗਰੇਜ਼ਾਂ ਦੇ ਜੰਗਾਂ ਦਾ ਵਿਸਥਾਰ ਲਿਖਣਾ ਹੈ। ਇਹ ਵਿਸਥਾਰ ਮੈਨੂੰ ਕਿਸੇ ਦੇਸੀ ਜ਼ਬਾਨ ਦੀ ਪੁਸਤਕ ਵਿਚ ਲਿਖਿਆ ਨਹੀਂ ਲੱਭਾ; ਕੇਵਲ ਅੰਗਰੇਜ਼ੀ ਪੁਸਤਕਾਂ ਵਿਚ ਹੀ ਲਿਖਿਆ ਹੋਇਆ ਲੱਭਾ ਹੈ ਤੇ ਜਾਂ ਬਾਬਾ ਤੇਗ਼ਾ ਸਿੰਘ ਜੀ ਦੀ ਜ਼ਬਾਨੀ ਸੁਣਿਆ ਸੀ। ਸਾਡੇ ਪੁਰਾਣੇ ਲਿਖਾਰੀਆਂ ਨੇ ਤਾਂ ਤੋਪਾਂ ਚੱਲਣ, ਤਲਵਾਰਾਂ ਚਮਕਣ ਤੇ ਬੰਦੂਕਾਂ ਲਿਸ਼ਕਣ ਆਦਿਕ ਦੇ ਅਲੰਕਾਰ ਬੰਨ੍ਹਣ ਉਤੇ ਹੀ ਸਾਰਾ ਜ਼ੋਰ ਲਾ ਛਡਿਆ ਹੈ ਤੇ ਇਹ ਨਹੀਂ ਦੱਸਿਆ ਕਿ ਜੰਗ ਕਿਸ ਤਰ੍ਹਾਂ ਮਚਿਆ, ਕਿਹੜੇ ਪਾਸੇ ਵਲੋਂ ਜ਼ੋਰ ਪਿਆ, ਕੌਣ ਪਿਛੇ ਹਟਿਆ ਤੇ ਆਖਰ ਕਿਸ ਤਰ੍ਹਾਂ ਹਾਰ ਜਿੱਤ ਹੋਈ? ਇਸ ਕਰ ਕੇ ਇਸ ਪੁਸਤਕ ਦੇ ਲਿਖਣ ਦੀ ਮੈਨੂੰ ਜ਼ਰੂਰਤ ਮਹਿਸੂਸ ਹੋਈ ਸੀ।

ਪਰ ਇਹ ਹਾਲ ਲਿਖਦੇ ਹੋਏ ਸਿੰਘਾਂ ਦੇ ਰਾਜ ਪ੍ਰਬੰਧ ਤੇ ਇੰਤਜ਼ਾਮ ਉਤੇ ਭੀ ਲਿਖਣਾ ਜ਼ਰੂਰੀ ਸਮਝ ਕੇ ਉਹ ਭੀ ਇਸ ਪੁਸਤਕ ਵਿਚ ਲੈ ਆਂਦਾ ਹੈ। ਪੁਰਾਣੇ ਸਿੰਘਾਂ ਦੇ ਚਾਲ ਚਲਣ, ਉਹਨਾਂ ਦੀ ਸੂਰਬੀਰਤਾ ਤੇ ਉਹਨਾਂ ਦੇ ਰਹਿਣ ਬਹਿਣ ਦੇ ਤਰੀਕੇ ਤੇ ਸਿੱਖਾਂ ਦੇ ਸਮੇਂ ਇਸ ਦੇਸ ਦੀ ਹਾਲਤ ਇਸ ਪੁਸਤਕ ਦੇ ਪੜ੍ਹਨ ਤੋਂ ਕੁਝ ਸਮਝ ਪੈ ਜਾਵੇਗੀ। ਨਾਲ ਹੀ ਇਹ ਪਤਾ ਲੱਗ ਜਾਵੇਗਾ ਕਿ ਸਿਖ ਫੌਜ ਦੇ ਟਾਕਰੇ ਦੀ ਫੌਜ ਉਸ ਵੇਲੇ ਦੁਨੀਆ ਵਿਚ ਕੋਈ ਨਹੀਂ ਸੀ ਤੇ ਸਿੱਖਾਂ ਦੇ ਹਾਰਨ ਦਾ ਕਾਰਨ ਕੇਵਲ ਡੋਗਰਿਆਂ ਤੇ ਹੋਰ ਸਰਦਾਰਾਂ ਦੀ ਗ਼ੱਦਾਰੀ ਤੇ ਅੰਗਰੇਜ਼ਾਂ ਨਾਲ ਗੁਪਤ ਸਾਜ਼ ਬਾਜ਼ ਸੀ।

ਦਾਸ—ਤਾਰਾ ਸਿੰਘ

ਟਪਲਾ ਨਾ ਲੱਗੇ

ਮੈਨੂੰ ਕਈ ਸਜਣਾਂ ਨੇ ਕਿਹਾ ਹੈ ਕਿ ਬਾਬਾ ਤੇਗਾ ਸਿੰਘ ਜੀ ਦੇ ਕਥਨ ਤੋਂ ਤਾਂ ਇਉਂ ਭਾਸਦਾ ਹੈ ਕਿ ਮਹਾਰਾਣੀ ਜਿੰਦ ਕੌਰ ਨੇ ਅੰਗਰੇਜ਼ਾਂ ਨਾਲ ਸਿਖ ਫੌਜ ਨੂੰ ਮਰਵਾਉਣ ਦੀ ਸਾਜ਼ਸ਼ ਕੀਤੀ ਤੇ ਇਸ ਸਾਜ਼ਸ਼ ਦਾ ਨਤੀਜਾ ਉਹਦੀ ਆਪਣੀ ਤਬਾਹੀ ਭੀ ਨਿਕਲਿਆ; ਪਰ ਇਤਿਹਾਸ ਦੀ ਠੀਕ ਖੋਜ ਤੋਂ ਪਤਾ ਲਗਦਾ ਹੈ ਕਿ ਇਹ ਗੱਲ ਗ਼ਲਤ ਸੀ। ਰਾਣੀ ਜਿੰਦ ਕੌਰ ਨੇ ਸਿੱਖ ਰਾਜ ਨੂੰ ਕਾਇਮ ਰਖਣ ਲਈ ਹਰ ਸਮੇਂ ਪੂਰਾ ਜਤਨ ਕੀਤਾ ਤੇ ਆਪਣੇ ਆਪ ਨੂੰ ਹਰ ਖਤਰੇ ਵਿਚ ਪਾਇਆ। ਇਹ ਭੁਲ ਠੀਕ ਕਰਨੀ ਚਾਹੀਦੀ ਹੈ।

ਮੇਰਾ ਜਵਾਬ ਇਹ ਹੈ ਕਿ ਉਹਨਾਂ ਸਜਣਾਂ ਦਾ ਕਥਨ ਠੀਕ ਹੈ। ਰਾਣੀ ਜਿੰਦ ਕੌਰਾਂ ਨੇ ਸਿਖ ਫੌਜ ਨਾਲ ਕੋਈ ਧ੍ਰੋਹ ਨਹੀਂ ਸੀ ਕੀਤਾ। ਇਹ ਧ੍ਰੋਹ ਕਰਨ ਵਾਲੇ ਹੋਰ ਗ਼ੱਦਾਰ ਸਨ; ਪਰ ਉਹਨਾਂ ਗ਼ੱਦਾਰਾਂ ਨੇ ਅਜਿਹੀ ਚਲਾਕੀ ਕੀਤੀ ਸੀ ਕਿ ਫੌਜ ਦੇ ਸਿਪਾਹੀਆਂ ਵਿਚ ਤੇ ਆਮ ਲੋਕਾਂ ਵਿਚ ਇਹ ਖ਼ਿਆਲ ਖਿਲਰ ਗਿਆ ਸੀ ਕਿ ਸਿਖ ਫੌਜ ਨੂੰ ਸਰੋਂ ਭੇਜਣ ਵਾਲੀ ਰਾਣੀ ਹੀ ਸੀ। ਭਾਵੇਂ ਇਹ ਗੱਲ ਗ਼ਲਤ ਸੀ; ਪਰ ਬਾਬਾ ਤੇਗਾ ਸਿੰਘ ਜੀ ਨੂੰ ਭੀ ਇਹੋ ਨਿਸਚਾ ਸੀ ਤੇ ਉਹਨਾਂ ਮੈਨੂੰ ਇਹੋ ਹੀ ਕਿਹਾ ਸੀ। ਇਸ ਲਈ ਭਾਵੇਂ ਬਾਬਾ ਤੇਗਾ ਸਿੰਘ ਜੀ ਦਾ ਇਹ ਕਥਨ ਗ਼ਲਤ ਹੈ; ਪਰ ਮੈਨੂੰ ਉਹਨਾਂ ਦੀ ਜ਼ਬਾਨੀ ਤਾਂ ਉਹੋ ਹੀ ਲਿਖਣਾ ਚਾਹੀਦਾ ਹੈ ਜੋ ਉਹ ਕਿਹਾ ਕਰਦੇ ਸਨ।

ਤਾਰਾ ਸਿੰਘ

ੴ ਸਤਿਗੁਰ ਪ੍ਰਸਾਦਿ ॥

ਬਾਬਾ ਤੇਗਾ ਸਿੰਘ

ਕਾਂਡ–੧.

ਬਾਬਾ ਤੇਗਾ ਸਿੰਘ–ਤਾਰਾ ਸਿੰਘਾ, ਤੂੰ ਹੁਣ ਕੀ ਪੁੱਛਦਾ ਹੈਂ! ਮੇਰੇ ਨਾਲ ਦੇ ਤਾਂ ਬਿਰਛ ਭੀ ਮਰ ਗਏ ਹਨ। ਕੋਈ ਦੋਸਤ, ਯਾਰ, ਸਾਥੀ ਨਹੀਂ ਰਿਹਾ। ਮੈਂ ਤਾਂ ਆਪਣੇ ਕਰਮਾਂ ਦਾ ਫਲ ਭੋਗਣ ਨੂੰ ਜੀਉਂਦਾ ਹਾਂ।

ਮੈਂ–ਬਾਬਾ, ਤੇਰੀ ਇਤਨੀ ਲੰਮੀ ਉਮਰ ਹੋਈ ਹੈ। ਇਹ ਮਾੜੇ ਕਰਮਾਂ ਦਾ ਫਲ ਕਿਸ ਤਰ੍ਹਾਂ ਹੈ? ਲੰਮੀ ਉਮਰ ਤਾਂ ਚੰਗੇ ਭਾਗਾਂ ਦੀ ਗੱਲ ਹੈ।

ਬਾਬਾ ਤੇਗਾ ਸਿੰਘ–(ਹਾਹੁਕਾ ਭਰ ਕੇ) ਕੁਝ ਨਾ ਪੁੱਛ। ਮੈਂ ਆਪਣੇ ਮਾਲਕ ਸੰਤ ਸਰਦਾਰ ਤੇ ਸ਼ੇਰ ਮਰਦ ਸਰਦਾਰ ਸ਼ਾਮ ਸਿੰਘ ਦਾ ਨਿਮਕ-ਹਰਾਮ ਨਿਕਲਿਆ ਹਾਂ। ਮੇਰੀ ਜੋ ਇਹ ਦੁਰਗਤੀ ਹੋ ਰਹੀ ਹੈ, ਸਭ ਉਸੇ ਦਾ ਫਲ ਹੈ। ਤੈਨੂੰ ਪਤਾ ਹੈ ਕਿ ਅਜੇ ਅੱਠ ਦਿਨ ਨਹੀਂ ਹੋਏ, ਕਿਸ਼ਨ ਚੰਦ ਤੇ ਤੁਲਸੀ ਦਾਸ ਨੇ ਮੇਰੀ ਦਾੜ੍ਹੀ ਪੁੱਟੀ ਸੀ; ਮੇਰੇ ਵਿਚ ਅਜੇ ਗੁੱਸਾ ਉਸੇ ਤਰ੍ਹਾਂ ਦਾ ਹੈ ਤੇ ਜੁੱਸਾ ਹੁਣ ਹੈ ਨਹੀਂ। ਮੇਰੀ ਤਾਂ ਉਹ ਗੱਲ ਹੋ ਗਈ ਹੈ–'ਗੁੱਸਾ ਹੈ ਬਾਹਲਾ ਤੇ ਜੁੱਸਾ ਹੈ ਥੋੜਾ, ਕਿਸੇ ਦੇ ਹੇਠ ਪੈ ਮਰਨਾ ਪਿਆ।' ਹੁਣ ਇਸ ਤਰ੍ਹਾਂ ਇਹ ਬਾਹਮਣ ਭੀ ਮੇਰੀ ਦਾੜ੍ਹੀ ਪੁੱਟ ਸਕਦੇ ਹਨ! ਕਦੀ ਸਮਾਂ ਸੀ ਇਸ ਗਿਰਾਂ ਵਿਚ, ਸਰੋਂ ਸਾਰੇ ਤ੍ਰੈਗੜੇ ਵਿਕ, ਮੇਰੇ ਨਾਲ ਕੋਈ ਪੰਜਾ ਨਹੀਂ ਸੀ ਲੈਂਦਾ। ਹੁਣ ਤਾਂ ਗਲੀਆਂ ਦੇ ਕੱਖ ਭੀ ਮੇਰੇ ਉਤੇ ਭਾਰੂ ਹੋ ਗਏ ਹਨ। ਮੈਂ ਪਿੰਡੋਂ ਬਾਹਰ ਝੁੱਗੀ ਪਾ ਕੇ ਇਸੇ ਕਰ ਕੇ ਬੈਠਾ ਹਾਂ ਕਿ ਨਾ ਕਿਸੇ ਨਾਲ ਵਾਹ ਪਵੇ ਤੇ ਨਾ ਕਿਸੇ ਨਾਲ ਖਹਿਬੜਾਂ।

ਮੈਂ–ਬਾਬਾ, ਤੂੰ ਇਹ ਕੀ ਕਿਹਾ ਹੈ ਕਿ "ਮੈਂ ਸੰਤ ਸਰਦਾਰ ਸ਼ੇਰ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.